BRITISH COLUMBIA
CANADA

# ਇਮਪੋਰਟ/ਐਕਸਪੋਰਟ ਗਾਈਡ







BRITISH COLUMBIA
Ministry of
Jobs, Tourism
and Skills Training

CANADA STARTS HERE
BC JOBS PLAN

# ਬ੍ਰਿਟਿਸ਼ ਕੋਲੰਬੀਆ
# ਇਮਪੋਰਟ/ਐਕਸਪੋਰਟ ਗਾਈਡ

BRITISH COLUMBIA

Ministry of
Jobs, Tourism
and Skills Training

## ਇੰਟਰਨੈੱਟ ’ਤੇ ਪਹੁੰਚ

ਇਸ ਗਾਈਡ ਵਿਚ ਦਿੱਤੇ ਗਏ ਬਹੁਤੇ ਸ੍ਰੋਤਾਂ ਤੱਕ ਪਹੁੰਚ ਸਿਰਫ ਵੈੱਬਸਾਈਟ ’ਤੇ ਹੀ ਹੈ। ਜੇ ਤੁਹਾਡੇ ਕੋਲ ਆਪਣਾ ਇੰਟਰਨੈੱਟ ਕੁਨੈਕਸ਼ਨ ਨਹੀਂ ਹੈ ਤਾਂ ਇੰਟਰਨੈੱਟ ’ਤੇ ਮੁਫਤ ਜਾਣ ਲਈ ਆਪਣੀ ਸਥਾਨਕ ਲਾਇਬਰੇਰੀ ਜਾਂ ਕਮਿਊਨਟੀ ਫਿਊਚਰਜ਼ ਬ੍ਰਿਟਿਸ਼ ਕੋਲੰਬੀਆ ਦੇ ਦਫਤਰ ਵਿਚ ਕੋਸ਼ਿਸ਼ ਕਰੋ। ਆਪਣੇ ਨੇੜੇ ਦੇ ਸਥਾਨ ’ਤੇ ਇੰਟਰਨੈੱਟ ’ਤੇ ਮੁਫਤ ਪਹੁੰਚ ਬਾਰੇ ਪਤਾ ਲਾਉਣ ਲਈ 604.289.4222 ’ਤੇ ਫੋਨ ਕਰੋ।

**ਇਹ ਗਾਈਡ ਅੱਗੇ ਲਿਖੇ ਐਡਰੈਸ ’ਤੇ ਇੰਟਰਨੈੱਟ ’ਤੇ ਵੀ ਉਪਲਬਧ ਹੈ:**

www.resourcecentre.gov.bc.ca/pdf/ImptExptGuideEng.pdf
ਜਾਂ ਅਨੁਵਾਦ ਹੋਏ ਰੂਪ ਲਈ ਦੇਖੋ:
www.resourcecentre.gov.bc.ca/translations.html

**ਸਮਾਲ ਬਿਜ਼ਨਸ ਬੀ ਸੀ**

www.smallbusinessbc.ca/products-and-services/free-resources

**ਵੰਨਸਟੌਪ ਬਿਜ਼ਨਸ ਰਜਿਸਟਰੀ**

www.bcbusinessregistry.ca/startingabusiness.htm

# ਵਿਸ਼ਾ-ਵਸਤੂ


ਇਹ ਗਾਈਡ 1

ਤੁਹਾਡਾ ਮੁਢਲਾ ਸ੍ਰੋਤ – ਸਮਾਲ ਬਿਜ਼ਨਸ ਬੀ ਸੀ 1

ਇਮਪੋਰਟ ਦਾ ਕਾਰੋਬਾਰ ਸ਼ੁਰੂ ਕਰਨਾ ਅਤੇ ਚਲਾਉਣਾ 3

ਐਕਸਪੋਰਟ ਦਾ ਕਾਰੋਬਾਰ ਸ਼ੁਰੂ ਕਰਨਾ ਅਤੇ ਚਲਾਉਣਾ 7

# ਇਹ ਗਾਈਡ

ਦੁਨੀਆਂ ਭਰ ਦੀ ਮੰਡੀ ਤੱਕ ਫੈਲਣਾ ਕਾਰੋਬਾਰ ਲਈ ਚੰਗਾ ਹੋ ਸਕਦਾ ਹੈ, ਪਰ ਤੁਹਾਡੇ ਅਤੇ ਤੁਹਾਡੀ ਕੰਪਨੀ ਦੋਨਾਂ ਲਈ ਤਿਆਰ ਹੋਣਾ ਜ਼ਰੂਰੀ ਹੈ। ਇਸ ਦੇਸ਼ ਵਿਚ ਚੀਜ਼ਾਂ ਲਿਆਉਣ ਜਾਂ ਬਾਹਰਲੇ ਦੇਸ਼ਾਂ ਨੂੰ ਚੀਜ਼ਾਂ ਭੇਜਣ ਲਈ ਤੁਹਾਡੇ ਵਲੋਂ ਕਈ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਇਹ ਗਾਈਡ ਤੁਹਾਨੂੰ, ਅੰਤਰਰਾਸ਼ਟਰੀ ਵਪਾਰ ਦੀ ਦਿਲਚਸਪ ਦੁਨੀਆਂ ਦਾ ਪਤਾ ਲਾਉਣ ਵਿਚ ਤੁਹਾਡੀ ਮਦਦ ਕਰਨ ਲਈ ਮੌਜੂਦ ਜਾਣਕਾਰੀ ਅਤੇ ਵਸੀਲਿਆਂ ਬਾਰੇ ਦੱਸਦੀ ਹੈ।

## ਤੁਹਾਡਾ ਮੁਢਲਾ ਸ੍ਰੋਤ

ਇਸ ਗਾਈਡ ਵਿਚ ਮਦਦ ਕਰਨ ਵਾਲੇ ਕਈ ਸ੍ਰੋਤ ਦਿੱਤੇ ਗਏ ਹਨ। ਭਾਵੇਂ ਕਿ ਬਹੁਤੇ ਕਿਸੇ ਖਾਸ ਵਿਸ਼ੇ ਜਾਂ ਖੇਤਰ ਬਾਰੇ ਜਾਣਕਾਰੀ ਦਿੰਦੇ ਹਨ, ਪਰ ਸਮਾਲ ਬਿਜ਼ਨਸ ਬੀ ਸੀ, ਬ੍ਰਿਟਿਸ਼ ਕੋਲੰਬੀਆ ਦੇ ਉੱਦਮੀਆਂ ਦੀ ਕਾਰੋਬਾਰ ਸ਼ੁਰੂ ਕਰਨ ਅਤੇ ਵਧਾਉਣ ਦੇ ਸਾਰੇ ਪੱਖਾਂ ਵਿਚ ਮਦਦ ਕਰਦਾ ਹੈ।

**ਸਮਾਲ ਬਿਜ਼ਨਸ ਬੀ ਸੀ**

www.smallbusinessbc.ca
82–601 West Cordova Street
Vancouver, BC V6B 1G1
ਟੈਲੀਫੋਨ: 604.775.5525 ਜਾਂ 1.800.667.2272
ਫੈਕਸ: 604.775.5520
ਈ-ਮੇਲ: askus@smallbusinessbc.ca
ਟਵਿੱਟਰ: @smallbusinessbc
ਫੇਸਬੁੱਕ: /smallbusinessbc

ਸਮਾਲ ਬਿਜ਼ਨਸ ਬੀ ਸੀ ਉੱਦਮੀਆਂ ਨੂੰ ਉਹ ਜਾਣਕਾਰੀ ਅਤੇ ਸੇਧ ਦਿੰਦਾ ਹੈ ਜਿਸ ਦੀ ਉਨ੍ਹਾਂ ਨੂੰ ਆਪਣੇ ਕਾਰੋਬਾਰ ਦੀ ਠੋਸ ਨੀਂਹ ਉਸਾਰਨ ਲਈ ਲੋੜ ਹੁੰਦੀ ਹੈ। ਤੁਹਾਡੇ ਮੁਢਲੇ ਸ੍ਰੋਤ ਵਜੋਂ, ਸਮਾਲ ਬਿਜ਼ਨਸ ਬੀ ਸੀ ਦੀਆਂ ਸੇਵਾਵਾਂ ਉਹ ਹਰ ਚੀਜ਼ ਸਿੱਖਣ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ ਜਿਨ੍ਹਾਂ ਦੀ ਤੁਹਾਨੂੰ ਚੀਜ਼ਾਂ ਬਾਹਰੋਂ ਮੰਗਵਾਉਣ ਅਤੇ ਚੀਜ਼ਾਂ ਬਾਹਰ ਭੇਜਣ ਬਾਰੇ ਜਾਣਨ ਦੀ ਲੋੜ ਹੈ, ਜਿਨ੍ਹਾਂ ਵਿਚ ਟਰੇਡ ਸੈਮੀਨਾਰ, ਆਹਮੋ-ਸਾਹਮਣੇ ਸਲਾਹ ਦੇਣ ਦੀਆਂ ਸੇਵਾਵਾਂ, ਬਿਜ਼ਨਸ ਪਲੈਨਾਂ ’ਤੇ ਵਿਚਾਰਾਂ, ਅਤੇ ਔਨਲਾਈਨ ਵਸੀਲੇ ਸ਼ਾਮਲ ਹਨ।

> **ਕਾਰੋਬਾਰ ਬਾਰੇ ਸਲਾਹ ਦੇਣ ਦੀ ਆਮ ਸਰਵਿਸ:** ਆਪਣੇ ਕਾਰੋਬਾਰਾਂ ਦੇ ਸਬੰਧ ਵਿਚ ਸਵਾਲਾਂ ਦੇ ਜਵਾਬ ਲੈਣ ਵਿਚ ਮਦਦ ਲਈ ਬਿਜ਼ਨਸ ਐਡਵਾਈਜ਼ਰ ਨਾਲ 30 ਮਿੰਟ ਮੁਫਤ ਸਲਾਹ-ਮਸ਼ਵਰੇ ਲਈ ਸਮਾਂ ਬੁੱਕ ਕਰੋ।

> **ਬਿਜ਼ਨਸ ਪਲੈਨ ਬਾਰੇ ਸਲਾਹ ਦੀਆਂ ਸੇਵਾਵਾਂ:** ਬਿਜ਼ਨਸ ਪਲੈਨ ’ਤੇ ਵਿਚਾਰ ਕਰਨ ਲਈ ਬਿਜ਼ਨਸ ਪਲੈਨ ਐਨਾਲਿਸਟ ਨੂੰ ਮਿਲੋ ਤਾਂ ਜੋ ਕਰਜ਼ਾ ਦੇਣ ਵਾਲਿਆਂ ਤੱਕ ਪਹੁੰਚ ਕਰਨ ਲਈ ਤਿਆਰੀ ਕਰਨ ਵਿਚ ਤੁਹਾਡੀ ਮਦਦ ਹੋਵੇ, ਜਾਂ ਆਪਣੇ ਕਾਰੋਬਾਰ ਦੀ ਸਮੁੱਚੀ ਜੁਗਤ ਤਿਆਰ ਕਰਨ ਵਿਚ ਮਦਦ ਮਿਲੇ।

> **ਮਾਰਕੀਟ ਦੀ ਖੋਜ ਬਾਰੇ ਸਲਾਹ ਦੀਆਂ ਸੇਵਾਵਾਂ:** ਨਿਸ਼ਾਨਾ ਬਣਾਈ ਜਾਣ ਵਾਲੀ ਮਾਰਕੀਟ ਦਾ ਵਿਸ਼ਲੇਸ਼ਣ, ਇੰਡਸਟਰੀ ਦਾ ਵਿਸ਼ਲੇਸ਼ਣ ਅਤੇ ਮੁਕਾਬਲੇ ਦਾ ਵਿਸ਼ਲੇਸ਼ਣ ਵਰਗੇ ਖੇਤਰਾਂ ਵਿਚ ਮਾਰਕੀਟ ਦੀ ਖੋਜ ਵਿਚ ਆਪਣੀ ਮਦਦ ਲਈ, ਮਾਰਕੀਟ ਰੀਸਰਚ ਐਨਾਲਿਸਟ ਨਾਲ ਆਹਮੋ-ਸਾਹਮਣੇ ਸਲਾਹ ਮਸ਼ਵਰਾ ਕਰਨ ਲਈ ਅਪੌਇੰਟਮੈਂਟ ਬਣਾਉ।

> **ਕਿਸੇ ਮਾਹਰ ਤੋਂ ਪੁੱਛੋ:** ਮਨੁੱਖੀ ਵਸੀਲਿਆਂ, ਅਕਾਊਂਟਿੰਗ, ਕਾਨੂੰਨੀ, ਮਾਰਕੀਟ ਖੋਜ, ਬਰਾਂਡਿੰਗ, ਸੋਸ਼ਲ ਮੀਡੀਆ, ਵੈੱਬਸਾਈਟਸ ਅਤੇ ਹੋਰਨਾਂ ਚੀਜ਼ਾਂ ਬਾਰੇ ਜਾਣਨ ਲਈ ਮਾਹਰਾਂ ਨਾਲ ਆਹਮੋ-ਸਾਹਮਣੇ ਸਲਾਹ ਮਸ਼ਵਰਾ ਕਰਨ ਲਈ ਸਮਾਂ ਮਿੱਥੋ।

> **ਇਮਪੋਰਟ/ਐਕਸਪੋਰਟ ਬਾਰੇ ਸਲਾਹ ਦੀਆਂ ਸੇਵਾਵਾਂ:** ਕਾਰੋਬਾਰ ਦੀਆਂ ਮੰਗਾਂ ਅਤੇ ਆਪਣੇ ਇਮਪੋਰਟ ਜਾਂ ਐਕਸਪੋਰਟ ਦੇ ਕਾਰੋਬਾਰ ਨੂੰ ਰਜਿਸਟਰ ਕਰਨ ਬਾਰੇ ਸਲਾਹ-ਮਸ਼ਵਰੇ ਲਈ ਟਰੇਡ ਐਡਵਾਈਜ਼ਰ ਨੂੰ ਮਿਲੋ।

> **ਬਿਜ਼ਨਸ ਸੈਮੀਨਾਰ ਅਤੇ ਵੈੱਬੀਨਾਰ:** 50 ਨਾਲੋਂ ਜ਼ਿਆਦਾ ਵਿਸ਼ਿਆਂ ’ਤੇ ਜਾਣਕਾਰੀ ਨਾਲ ਭਰਪੂਰ ਬਿਜ਼ਨਸ ਸੈਮੀਨਾਰ, ਜਿਸ ਵਿਚ ਇੰਡਸਟਰੀ ਦੇ ਅਜਿਹੇ ਮਾਹਰਾਂ ਵਲੋਂ ਦਿੱਤੇ ਗਏ ਇਮਪੋਰਟ ਅਤੇ ਐਕਸਪੋਰਟ ਦੇ ਵਿਸ਼ੇ ਵੀ ਸ਼ਾਮਲ ਹਨ, ਜੋ ਕਿ ਆਪ ਵੀ ਛੋਟੇ ਕਾਰੋਬਾਰਾਂ ਦੇ ਮਾਲਕ ਹਨ। ਸੈਮੀਨਾਰ ਵੈਨਕੂਵਰ ਵਿਚਲੇ ਸਮਾਲ ਬਿਜ਼ਨਸ ਬੀ ਸੀ ਦੇ ਦਫਤਰ ਵਿਚ ਲਗਾਏ ਜਾਂਦੇ ਹਨ ਅਤੇ ਇਹ ਬੀ.ਸੀ. ਭਰ ਵਿਚ ਵੈੱਬੀਨਾਰ ਰਾਹੀਂ ਵੀ ਉਪਲਬਧ ਹਨ।

ਬੀ.ਸੀ. ਵਿਚ ਛੋਟੇ ਕਾਰੋਬਾਰਾਂ ਦੇ ਮਾਲਕਾਂ ਲਈ ਸਮਾਲ ਬਿਜ਼ਨਸ ਬੀ ਸੀ ਤੋਂ ਵਸੀਲਿਆਂ ਅਤੇ ਪ੍ਰੋਗਰਾਮਾਂ ਬਾਰੇ ਤਾਜ਼ਾ ਜਾਣਕਾਰੀ ਲੈਣ ਲਈ ਇਸ ਵੈੱਬਸਾਈਟ ’ਤੇ ਜਾਉ:
www.smallbusinessbc.ca/community

# ਇਮਪੋਰਟ ਦਾ ਕਾਰੋਬਾਰ ਸ਼ੁਰੂ ਕਰਨਾ ਅਤੇ ਚਲਾਉਣਾ

ਗਾਈਡ ਦਾ ਇਹ ਭਾਗ ਇਮਪੋਰਟ ਕਰਨ ਨਾਲ ਸੰਬੰਧਿਤ ਕਾਨੂੰਨੀ ਅਤੇ ਲੀਗਲ ਮਾਮਲਿਆਂ, ਪੂੰਜੀ ਅਤੇ ਫਾਇਨੈਂਸਿੰਗ, ਸੰਪਰਕ ਅਤੇ ਡਾਇਰੈਕਟਰੀਜ਼ ਬਾਰੇ ਜਾਣਕਾਰੀ ਦਿੰਦਾ ਹੈ।

ਸਮਾਲ ਬਿਜ਼ਨਸ ਬੀ ਸੀ ਟਰੇਡ ਬਾਰੇ ਸਿਖਲਾਈ ਦਿੰਦਾ ਹੈ, ਟਰੇਡ ਅਤੇ ਕਾਰੋਬਾਰ ਦੀ ਰਜਿਸਟਰੇਸ਼ਨ ਬਾਰੇ ਆਹਮੋ-ਸਾਹਮਣੇ ਬੈਠ ਕੇ ਸਲਾਹ ਦਿੰਦਾ ਹੈ ਅਤੇ ਇਸ ਦੇ ਨਾਲ ਨਾਲ ਤੁਹਾਡੇ ਇਮਪੋਰਟ ਦੇ ਕੌਰਬਾਰ ਵਿਚ ਤੁਹਾਡੀ ਮਦਦ ਕਰਨ ਲਈ ਬਿਜ਼ਨਸ ਪਲੈਨ ’ਤੇ ਵਿਚਾਰ ਵੀ ਕਰਦਾ ਹੈ।

ਅੱਗੇ ਦਿੱਤੇ ਵੈੱਬਸਾਈਟ ’ਤੇ ਜਾ ਕੇ ਕਾਰੋਬਾਰ ਦੀਆਂ ਮੰਗਾਂ ਬਾਰੇ ਸਲਾਹ-ਮਸ਼ਵਰੇ ਲਈ ਟਰੇਡ ਐਡਵਾਈਜ਼ਰ ਨਾਲ ਮੀਟਿੰਗ ਬੁੱਕ ਕਰੋ ਅਤੇ ਆਪਣਾ ਇਮਪੋਰਟ ਦਾ ਕਾਰੋਬਾਰ ਰਜਿਸਟਰ ਕਰੋ:
www.smallbusinessbc.ca/products-and-services/advisory-services

ਇਮਪੋਰਟ ਬਾਰੇ ਆ ਰਹੇ ਸੈਮੀਨਾਰਾਂ ਅਤੇ ਵੈੱਬੀਨਾਰਜ਼ ਲਈ ਰਜਿਸਟਰ ਹੋਣ ਲਈ, ਜੋ ਕਿ ਇਮਪੋਰਟ ਦਾ ਕਾਰੋਬਾਰ ਕਿਵੇਂ ਸ਼ੁਰੂ ਕਰਨਾ ਹੈ ਤੋਂ ਲੈ ਕੇ ਨਿਯਮਾਂ ਅਤੇ ਲਾਇਸੰਸ ਲੈਣ ਦੀਆਂ ਸ਼ਰਤਾਂ ਤੱਕ ਵੱਖ ਵੱਖ ਵਿਸ਼ਿਆਂ ਨੂੰ ਕਵਰ ਕਰਦੇ ਹਨ, ਇਸ ਵੈੱਬਸਾਈਟ ’ਤੇ ਜਾਉ:
www.smallbusinessbc.ca/seminars

ਸਮਾਲ ਬਿਜ਼ਨਸ ਬੀ ਸੀ ਕਰਨ ਵਾਲੀਆਂ ਚੀਜ਼ਾਂ ਦੀ ਸੂਚੀ (ਚੈੱਕ-ਲਿਸਟ) ਪ੍ਰਦਾਨ ਕਰਦਾ ਹੈ ਜੋ ਕਿ ਇਮਪੋਰਟ ਦਾ ਕਾਰੋਬਾਰ ਸ਼ੁਰੂ ਕਰਨ ਬਾਰੇ ਕਦਮ-ਦਰ-ਕਦਮ ਹਿਦਾਇਤਾਂ ਦਿੰਦੀ ਹੈ।

**> ਕੈਨੇਡਾ ਨੂੰ ਚੀਜ਼ਾਂ ਇਮਪੋਰਟ ਕਿਵੇਂ ਕਰਨੀਆਂ ਹਨ**

www.smallbusinessbc.ca/sbbcfiles/files/How_to_Import_Goods_into_Canada.pdf

**> ਇਮਪੋਰਟ ਲਈ ਕਿਸੇ ਕਾਰੋਬਾਰ ਨੂੰ ਰਜਿਸਟਰ ਕਿਵੇਂ ਕਰਨਾ ਹੈ:**

www.smallbusinessbc.ca/sbbcfiles/files/How_to_Register_a_Business_for_Import.pdf

ਇਸ ਦੇ ਨਾਲ ਹੀ ਸਮਾਲ ਬਿਜ਼ਨਸ ਬੀ ਸੀ ਦੀਆਂ ਇਮਪੋਰਟ ਕਰਨ ਬਾਰੇ ਔਨਲਾਈਨ ਗਾਈਡਾਂ ਵੀ ਪੜ੍ਹੋ:

**> ਕੈਨੇਡਾ ਵਿਚ ਵਪਾਰਕ ਚੀਜ਼ਾਂ ਕਿਵੇਂ ਇਮਪੋਰਟ ਕਰਨੀਆਂ ਹਨ**

www.smallbusinessbc.ca/starting-a-business/how-import-commercial-goods-canada

**> ਛੋਟੇ ਕਾਰੋਬਾਰਾਂ ਲਈ ਇਮਪੋਰਟ ਕਰਨ ਦੇ ਨਿਯਮ**

www.smallbusinessbc.ca/starting-a-business/import-regulations-small-business

ਇਮਪੋਰਟਿੰਗ ਬਾਰੇ ਸਮਾਲ ਬਿਜ਼ਨਸ ਬੀ ਸੀ ਤੋਂ ਹੋਰ ਔਨਲਾਈਨ ਆਰਟੀਕਲ ਪੜ੍ਹਨ ਲਈ ਦੇਖੋ:
www.smallbusinessbc.ca/importing

ਜ਼ਿਆਦਾ ਜਾਣਕਾਰੀ ਲਈ, ਸਮਾਲ ਬਿਜ਼ਨਸ ਬੀ ਸੀ ਨਾਲ 604.775.5525 'ਤੇ ਜਾਂ 1.800.667.2272 'ਤੇ ਸੰਪਰਕ ਕਰੋ।

ਇਸ ਦੇ ਇਲਾਵਾ ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਕੈਨੇਡਾ ਬਿਜ਼ਨਸ ਦੇ ਵੈੱਬਸਾਈਟ 'ਤੇ ਵੀ ਜਾਉ:
www.canadabusiness.ca

ਕੈਨੇਡਾ ਬਿਜ਼ਨਸ, ਸਰਵਿਸ ਦਾ ਇਕ ਨੈਸ਼ਨਲ ਪੋਆਇੰਟ ਹੈ ਜਿੱਥੇ ਉੱਦਮੀ ਆਪਣਾ ਕਾਰੋਬਾਰ ਉਸਾਰਨ ਵਿਚ ਮਦਦ ਲਈ, ਅਤੇ ਸਰਕਾਰ ਦੇ ਚੋਣਵੇਂ ਪ੍ਰੋਗਰਾਮਾਂ, ਸੇਵਾਵਾਂ ਤੱਕ ਪਹੁੰਚ ਕਰਨ ਲਈ ਅਤੇ ਇਮਪੋਰਟਰਾਂ ਵਲੋਂ ਆਮ ਮੰਗੇ ਜਾਂਦੇ ਫਾਰਮ ਲੈਣ ਲਈ ਸਰਕਾਰੀ ਜਾਣਕਾਰੀ, ਸਲਾਹ ਅਤੇ ਮਦਦ ਲਈ ਜਾ ਸਕਦੇ ਹਨ।

ਜੇ ਤੁਸੀਂ ਬਾਹਰੋਂ ਚੀਜ਼ਾਂ ਮੰਗਵਾਉਣੀਆਂ ਹਨ ਤਾਂ ਤੁਹਾਨੂੰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐੱਸ ਏ) ਨਾਲ ਰਜਿਸਟਰ ਹੋਣ ਦੀ ਲੋੜ ਪਵੇਗੀ। ਤੁਸੀਂ ਅਜਿਹਾ ਵੰਨਸਟੌਪ ਬਿਜ਼ਨਸ ਰਜਿਸਟਰੀ ਰਾਹੀਂ ਇਸ ਵੈੱਬਸਾਈਟ 'ਤੇ ਕਰ ਸਕਦੇ ਹੋ:
www.bcbusinessregistry.ca/registrations.htm

ਸੀ ਬੀ ਐੱਸ ਏ ਦਾ ਵੈੱਬਸਾਈਟ www.cbsa-asfc.gc.ca/import ਫਾਇਦੇਮੰਦ ਜ਼ਰੀਏ ਪ੍ਰਦਾਨ ਕਰਦਾ ਹੈ ਜੋ ਕਿ ਛੋਟੇ-ਅਤੇ ਦਰਮਿਆਨੇ- ਆਕਾਰ ਦੇ ਕਾਰੋਬਾਰਾਂ ਲਈ ਤਿਆਰ ਕੀਤੇ ਗਏ ਹੁੰਦੇ ਹਨ, ਜਿਸ ਵਿਚ *ਇਮਪੋਰਟਿੰਗ: ਏ-ਸਟੈੱਪ-ਬਾਈ-ਸਟੈੱਪ ਗਾਈਡ* ਵੀ ਸ਼ਾਮਲ ਹੈ ਜੋ ਕਿ ਇਸ ਵੈੱਬਸਾਈਟ 'ਤੇ ਹੈ:
http://www.cbsa-asfc.gc.ca/import/guide-eng.html

ਇਹ ਗਾਈਡ ਕੈਨੇਡਾ ਵਿਚ ਵਪਾਰਕ ਚੀਜ਼ਾਂ ਲਿਆਉਣ ਦੇ ਕਾਰਜ ਦੇ ਭੇਦ ਖੋਲ੍ਹਣ ਵਿਚ ਮਦਦ ਕਰੇਗੀ। ਇਹ ਉਨ੍ਹਾਂ ਲੋਕਾਂ ਦੀ ਮਦਦ ਲਈ ਤਿਆਰ ਕੀਤੀ ਗਈ ਹੈ ਜਿਨ੍ਹਾਂ ਨੇ ਪਹਿਲਾਂ ਕਦੇ ਵੀ ਚੀਜ਼ਾਂ ਇਮਪੋਰਟ ਨਹੀਂ ਕੀਤੀਆਂ ਜਾਂ ਬਹੁਤ ਘੱਟ ਕੀਤੀਆਂ ਹਨ, ਅਤੇ ਇਹ ਉਨ੍ਹਾਂ ਨੂੰ ਵੱਖ ਵੱਖ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਲਈ ਲੋੜੀਂਦੇ ਕਦਮਾਂ ਵਿਚ ਦੀ ਸੇਧ ਦੇਵੇਗੀ।

## ਕੋਈ ਨਵਾਂ ਛੋਟਾ ਕਾਰੋਬਾਰ ਸ਼ੁਰੂ ਕਰਨ ਬਾਰੇ ਸੋਚ ਰਹੇ ਹੋ?

ਜੇ ਤੁਸੀਂ ਅਜੇ ਇਹ ਫੈਸਲਾ ਨਹੀਂ ਕੀਤਾ ਕਿ ਕੀ ਕੋਈ ਨਵਾਂ ਕਾਰੋਬਾਰ ਸ਼ੁਰੂ ਕਰਨਾ ਤੁਹਾਡੇ ਲਈ ਠੀਕ ਹੈ ਜਾਂ ਨਹੀਂ – ਜਾਂ ਜੇ ਤੁਸੀਂ ਇਸ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ – ਤਾਂ ਸਾਡੀ ***ਛੋਟਾ ਕਾਰੋਬਾਰ ਸ਼ੁਰੂ ਕਰਨਾ ਗਾਈਡ*** ਦੇਖੋ। ਇਹ ਗਾਈਡ ਤੁਹਾਨੂੰ ਛੋਟੇ ਕਾਰੋਬਾਰ ਨੂੰ ਸ਼ੁਰੂ ਕਰਨ ਦੇ ਮੁਢਲੇ ਕਦਮਾਂ ਬਾਰੇ ਦੱਸੇਗੀ ਅਤੇ ਇਹ ਵੀ ਦੱਸੇਗੀ ਕਿ ਇਹ ਪੱਕਾ ਕਰਨ ਲਈ ਤੁਸੀਂ ਹੋਰ ਜਾਣਕਾਰੀ ਕਿੱਥੋਂ ਲੈ ਸਕਦੇ ਹੋ ਕਿ ਤੁਹਾਡਾ ਨਵਾਂ ਕਾਰੋਬਾਰ ਕਾਮਯਾਬ ਹੋਵੇ। ਇਹ ਮਨਿਸਟਰੀ ਆਫ ਜੌਬਜ਼, ਟੂਰਿਜ਼ਮ ਐਂਡ ਸਕਿਲਜ਼ ਟਰੇਨਿੰਗ ਦੇ ਵੈੱਬਸਾਈਟ ਤੋਂ ਮਿਲਦੀ ਹੈ:
www.resourcecentre.gov.bc.ca/pdf/Start_SmlBusiness.pdf
ਜਾਂ ਅਨੁਵਾਦ ਹੋਇਆ ਰੂਪ ਇੱਥੇ ਹੈ:
www.resourcecentre.gov.bc.ca/translations.html

ਕਾਰੋਬਾਰ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਵਿਚ ਮਦਦ ਲਈ ਅਤੇ ਇਹ ਵਿਚਾਰ ਕਰਨ ਲਈ ਕਿ ਆਪਣਾ ਕਾਰੋਬਾਰ ਕਿਵੇਂ ਸ਼ੁਰੂ ਕਰਨਾ ਹੈ, ਸਮਾਲ ਬਿਜ਼ਨਸ ਬੀ ਸੀ, ਕਿਸੇ ਬਿਜ਼ਨਸ ਐਡਵਾਈਜ਼ਰ ਨਾਲ 30 ਮਿੰਟਾਂ ਦਾ ਮੁਫਤ ਸਲਾਹ-ਮਸ਼ਵਰਾ ਪ੍ਰਦਾਨ ਕਰਦਾ ਹੈ। ਨਿੱਜੀ ਰੂਪ ਵਿਚ, ਫੋਨ ’ਤੇ ਜਾਂ ਸਕਾਈਪ ਰਾਹੀਂ ਅਪੌਂਇੰਟਮੈਂਟ ਬੁੱਕ ਕਰਨ ਲਈ 604 775-5525 ’ਤੇ ਜਾਂ 1 800 667-2272 ’ਤੇ ਫੋਨ ਕਰੋ।

ਕਾਰੋਬਾਰ ਸ਼ੁਰੂ ਕਰਨ ਬਾਰੇ ਬਹੁਤ ਆਮ ਪੁੱਛੇ ਜਾਂਦੇ ਸਵਾਲਾਂ ਦੇ ਜਵਾਬਾਂ ਲਈ www.smallbusinessbc.ca/faqs ’ਤੇ ਵੀ ਜਾਉ।

## ਛੋਟੇ ਕਾਰੋਬਾਰ ਦੀ ਕਾਮਯਾਬੀ ਦੀ ਕਹਾਣੀ: ਓਰਲਿੰਗ ਅਤੇ ਵੂ



ਫ੍ਰੈਡਰਿਕ ਓਰਲਿੰਗ ਅਤੇ ਜੂਲੀ ਵੂ ਇੰਗਲੈਂਡ ਵਿਚ ਮਿਲੇ ਅਤੇ ਜਦੋਂ ਉਹ ਯੂ ਕੇ ਤੋਂ ਕੈਨੇਡਾ ਮੂਵ ਹੋਣ ਲਈ ਤੁਰੇ ਤਾਂ ਉਨ੍ਹਾਂ ਨੇ ਕਾਰੋਬਾਰ ਸ਼ੁਰੂ ਕਰਨ ਅਤੇ ਯੂਰਪੀਅਨ ਡਿਜ਼ਾਇਨ ਵਾਲੀ ਹਰ ਉਸ ਚੀਜ਼ ਨੂੰ ਵੈਨਕੂਵਰ ਲਿਆਉਣ ਦਾ ਫੈਸਲਾ ਕਰ ਲਿਆ ਜਿਹੜੀ ਉਨ੍ਹਾਂ ਨੂੰ ਪਿਆਰੀ ਸੀ। ਹੁਣ ਉਹ 2010 ਤੋਂ ਕਾਰੋਬਾਰ ਵਿਚ ਹਨ, ਅਤੇ ਉਨ੍ਹਾਂ ਦੇ ਗੈਸਟਾਊਨ ਵਾਲੇ ਸਟੋਰ ਵਿਚ ਰੱਖੀ ਜਾਂਦੀ ਹਰ ਚੀਜ਼ ਇਸ ਜੋੜੇ ਵਲੋਂ ਚੁਣੀ ਜਾਂਦੀ ਹੈ ਅਤੇ ਇਹ ਬੈਲਜ਼ੀਅਮ ਤੋਂ ਲੈ ਕੇ ਜਪਾਨ ਤੱਕ ਦੂਰੋਂ ਨੇੜਿਉਂ ਆਉਂਦੀ ਹੈ।

ਕਾਰੋਬਾਰ ਦੇ ਆਪਣੇ ਪਹਿਲੇ ਸਾਲ ਵਿਚ ਉਨ੍ਹਾਂ ਨੇ ਸਮਾਲ ਬਿਜ਼ਨਸ ਬੀ ਸੀ ਦੇ ਕਈ ਸੈਮੀਨਾਰਾਂ ਵਿਚ ਹਿੱਸਾ ਲਿਆ ਅਤੇ ਇਮਪੋਰਟਿੰਗ, ਮਾਇਕ ਪ੍ਰਬੰਧ, ਅਕਾਊਂਟਿੰਗ ਅਤੇ ਮਾਰਕੀਟਿੰਗ 'ਤੇ ਧਿਆਨ ਕੇਂਦਰਿਤ ਕੀਤਾ। ਨਵਾਂ ਸ਼ੁਰੂ ਕਰਨ ਵਾਲਿਆਂ ਲਈ ਉਨ੍ਹਾਂ ਦੀ ਸਲਾਹ ਕੀ ਹੈ? ਵੂ ਦਾ ਕਹਿਣਾ ਹੈ, "ਆਪਣੇ ਕਾਰੋਬਾਰ ਦੀ ਵਿਉਂਤ ਬਣਾਉਣ ਲਈ ਸਮਾਂ ਲਉ ਅਤੇ ਮਾਰਕੀਟ ਦੀ ਪੂਰੀ ਤਰ੍ਹਾਂ ਖੋਜ ਕਰੋ। ਇਮਪੋਰਟ ਕਰਨ ਦੇ ਕਾਰਜਾਂ, ਆਪਣੀ ਪ੍ਰੋਡੱਕਟ ਦੇ ਐੱਚ ਐੱਸ ਕੋਡਾਂ ਨੂੰ ਸਮਝੋ ਅਤੇ ਭੁਗਤਾਨ ਕਰਨ ਤੋਂ ਪਹਿਲਾਂ ਆਪਣੀਆਂ ਇਨਵੋਆਇਸਾਂ ਨੂੰ ਧਿਆਨ ਨਾਲ ਚੈੱਕ ਕਰੋ। ਇਸ ਦੇ ਨਾਲ ਹੀ ਸ਼ਿਪਿੰਗ ਰੇਟਾਂ ਦੀ ਤੁਲਨਾ ਕਰੋ ਅਤੇ ਸ਼ਿਪਿੰਗ ਕੰਪਨੀਆਂ ਤੋਂ ਆਪਣੇ ਰੇਟਾਂ ਦਾ ਹਰ ਸਾਲ ਰਿਵੀਊ ਕਰਵਾਉ।"

***ਛੋਟੇ ਕਾਰੋਬਾਰਾਂ ਦੀ ਕਾਮਯਾਬੀ ਦੀਆਂ ਹੋਰ ਕਹਾਣੀਆਂ ਲਈ ਜਾਉ***
*www.smallbusinessbc.ca/around-bc*

# ਐਕਸਪੋਰਟ ਦਾ ਕਾਰੋਬਾਰ ਸ਼ੁਰੂ ਕਰਨਾ ਅਤੇ ਚਲਾਉਣਾ

ਜੇ ਤੁਸੀਂ ਐਕਸਪੋਰਟ ਦਾ ਕੰਮ ਕਰਨ ਬਾਰੇ ਸੋਚ ਰਹੇ ਹੋ ਤਾਂ ਇਸ ਜਾਣਕਾਰੀ ਲਈ ਸਮਾਲ ਬਿਜ਼ਨਸ ਬੀ ਸੀ ਤੁਹਾਡਾ ਮੁੱਖ ਸ੍ਰੋਤ ਹੈ ਕਿ ਬੀ.ਸੀ. ਤੋਂ ਬਾਹਰ ਚੀਜ਼ਾਂ ਅਤੇ ਸੇਵਾਵਾਂ ਕਿਵੇਂ ਵੇਚਣੀਆਂ ਹਨ। ਇਹ ਐਕਸਪੋਰਟ ਦੇ ਕੰਮ ਬਾਰੇ ਸਿਖਲਾਈ ਦਿੰਦਾ ਹੈ, ਟਰੇਡ ਅਤੇ ਕਾਰੋਬਾਰ ਦੀ ਰਜਿਸਟਰੇਸ਼ਨ ਬਾਰੇ ਆਹਮੋ-ਸਾਹਮਣੇ ਬੈਠ ਕੇ ਸਲਾਹ ਦਿੰਦਾ ਹੈ ਅਤੇ ਇਸ ਦੇ ਨਾਲ ਨਾਲ ਐਕਸਪੋਰਟ ਦਾ ਕੰਮ ਸ਼ੁਰੂ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਬਿਜ਼ਨਸ ਪਲੈਨ ’ਤੇ ਵਿਚਾਰ ਵੀ ਕਰਦਾ ਹੈ।

ਅੱਗੇ ਦਿੱਤੇ ਵੈੱਬਸਾਈਟ ’ਤੇ ਜਾ ਕੇ ਕਾਰੋਬਾਰ ਦੀਆਂ ਮੰਗਾਂ ਬਾਰੇ ਸਲਾਹ-ਮਸ਼ਵਰੇ ਲਈ ਟਰੇਡ ਐਡਵਾਈਜ਼ਰ ਨਾਲ ਮੀਟਿੰਗ ਬੁੱਕ ਕਰੋ ਅਤੇ ਆਪਣਾ ਇਮਪੋਰਟ ਦਾ ਕਾਰੋਬਾਰ ਰਜਿਸਟਰ ਕਰੋ:
www.smallbusinessbc.ca/products-and-services/advisory-services

ਐਕਸਪੋਰਟ ਬਾਰੇ ਆ ਰਹੇ ਸੈਮੀਨਾਰਾਂ ਅਤੇ ਵੈੱਬੀਨਾਰਾਂ ਲਈ ਰਜਿਸਟਰ ਹੋਣ ਲਈ ਇਸ ਵੈੱਬਸਾਈਟ ’ਤੇ ਜਾਉ: www.smallbusinessbc.ca/seminars ਸੈਮੀਨਾਰ ਉਨ੍ਹਾਂ ਦੇ ਵੈਨਕੂਵਰ ਦਫਤਰ ਵਿਚ ਲੱਗਦੇ ਹਨ ਜਾਂ ਵੈੱਬੀਨਾਰ ਰਾਹੀਂ ਬੀ.ਸੀ. ਵਿਚ ਕਿਤੇ ਵੀ ਲੱਗਦੇ ਹਨ।

ਸਮਾਲ ਬਿਜ਼ਨਸ ਬੀ ਸੀ ਕੋਲ ਸਹਾਈ ਹੋਣ ਵਾਲੀ ਕਰਨ ਵਾਲੀਆਂ ਚੀਜ਼ਾਂ ਦੀ ਸੂਚੀ (ਚੈੱਕ-ਲਿਸਟ) ਹੈ ਜੋ ਕਿ ਐਕਸਪੋਰਟ ਦਾ ਕਾਰੋਬਾਰ ਸ਼ੁਰੂ ਕਰਨ ਅਤੇ ਚਲਾਉਣ ਵਿਚ ਮਦਦ ਲਈ ਕਦਮ-ਦਰ-ਕਦਮ ਹਿਦਾਇਤਾਂ ਦਿੰਦੀ ਹੈ:

**> ਐਕਸਪੋਰਟ ਲਈ ਕਾਰੋਬਾਰ ਨੂੰ ਰਜਿਸਟਰ ਕਿਵੇਂ ਕਰਨਾ ਹੈ:**

www.smallbusinessbc.ca/sbbcfiles/files/How_to_Register_a_Business_for_Export.pdf

**> ਕੈਨੇਡਾ ਤੋਂ ਚੀਜ਼ਾਂ ਐਕਸਪੋਰਟ ਕਿਵੇਂ ਕਰਨੀਆਂ ਹਨ**

www.smallbusinessbc.ca/sbbcfiles/files/How_to_Export_Goods_from_Canada.pdf

ਇਸ ਦੇ ਨਾਲ ਹੀ ਸਮਾਲ ਬਿਜ਼ਨਸ ਬੀ ਸੀ ਦੀਆਂ ਐਕਸਪੋਰਟ ਦੇ ਕੰਮ ਬਾਰੇ ਔਨਲਾਈਨ ਗਾਈਡਾਂ ਵੀ ਪੜ੍ਹੋ:

**> ਐਕਸਪੋਰਟ ਦੇ ਆਪਣੇ ਵਧ ਰਹੇ ਕਾਰੋਬਾਰ ਲਈ ਪੈਸਿਆਂ ਦਾ ਪ੍ਰਬੰਧ ਕਿਵੇਂ ਕਰਨਾ ਹੈ**

www.smallbusinessbc.ca/growing-a-business/how-finance-your-growing-export-business

**> ਨਵੀਂਆਂ ਅੰਤਰਰਾਸ਼ਟਰੀ ਮੰਡੀਆਂ ਵਿਚ ਵਪਾਰਕ ਵਸਤਾਂ ਐਕਸਪੋਰਟ ਕਿਵੇਂ ਕਰਨੀਆਂ ਹਨ**

www.smallbusinessbc.ca/starting-a-business/how-export-commercial-goods-new-international-markets

**> ਬਦੇਸ਼ੀ ਉਤਪਾਦਕਾਂ ਨਾਲ ਕੰਮ ਕਿਵੇਂ ਕਰਨਾ ਹੈ**

www.smallbusinessbc.ca/growing-a-business/how-work-offshore-manufacturers

ਐਕਸਪੋਰਟ ਦੇ ਕੰਮ ਬਾਰੇ ਸਮਾਲ ਬਿਜ਼ਨਸ ਬੀ ਸੀ ਤੋਂ ਹੋਰ ਔਨਲਾਈਨ ਆਰਟੀਕਲ ਪੜ੍ਹਨ ਲਈ ਦੇਖੋ:
www.smallbusinessbc.ca/export

## ਛੋਟੇ ਕਾਰੋਬਾਰ ਦੀ ਕਾਮਯਾਬੀ ਦੀ ਕਹਾਣੀ: ਲੋਵੀ ਦੇ ਬੌਡੀ ਪ੍ਰੋਡੱਕਟਸ



ਮਾਰਸੀ ਵੀਨਸਟੀਨ ਸਮਿੱਥ ਨੇ ਜਦੋਂ ਡਾਇਪਰ ਸਾਫ ਕਰਨ ਵਾਲੀ ਸਾਰੀ ਕੁਦਰਤੀ ਸਪਰੇਅ ਵਿਕਸਤ ਕੀਤੀ ਉਸ ਸਮੇਂ ਉਸ ਦਾ ਮੁਢਲਾ ਇਰਾਦਾ ਕੋਈ ਕਾਰੋਬਾਰ ਸ਼ੁਰੂ ਕਰਨਾ ਨਹੀਂ ਸੀ। ਉਸ ਨੇ ਤਾਂ ਇਹ ਸਪਰੇਅ ਇਕ ਮਾਂ ਵਜੋਂ ਤਿਆਰ ਕੀਤਾ ਸੀ ਜਿਸ ਨੂੰ ਆਪਣੇ ਨਵਜੰਮੇ ਬੱਚੇ ਲਈ ਸਮੱਸਿਆ ਦਾ ਹੱਲ ਕਰਨ ਦੀ ਲੋੜ ਸੀ। ਉਸ ਨੇ ਦੇਖਿਆ ਕਿ ਮਾਰਕੀਟ ਵਿਚਲੇ ਕਿਸੇ ਵੀ ਬੇਬੀ ਵਾਈਪ ਨਾਲ ਉਸ ਦੇ ਪੁੱਤਰ ਦੀ ਚਮੜੀ ਲਾਲ ਹੋ ਜਾਂਦੀ ਸੀ। ਖਿਝ ਕੇ, ਡਾਇਪਰ ਰੈਸ਼ ਤੋਂ ਰੋਕਥਾਮ ਕਰਨ ਲਈ ਉਸ ਨੇ ਆਪਣਾ ਸਾਰਾ ਕੁਦਰਤੀ ਫਾਰਮੂਲਾ ਤਿਆਰ ਕੀਤਾ ਅਤੇ ਸਿਰਫ ਸਾਫ ਅਤੇ ਸੁਰੱਖਿਅਤ ਚੀਜ਼ਾਂ ਹੀ ਵਰਤੀਆਂ। ਇਹ ਖਿਆਲ ਫੈਲ ਗਿਆ ਜਦੋਂ ਹੋਰ ਮਾਂਵਾਂ ਨੇ ਉਸ ਨੂੰ ਪਬਲਿਕ ਵਿਚ ਸਪਰੇਅ ਵਰਤਦੇ ਦੇਖਿਆ ਅਤੇ ਉਹ ਪੁੱਛਣ ਲੱਗੀਆਂ ਕਿ ਉਹ ਆਪਣੇ ਬੱਚਿਆਂ ਲਈ ਇਹ ਸਪਰੇਅ ਕਿੱਥੋਂ ਖਰੀਦ ਸਕਦੀਆਂ ਸਨ।

ਲੋਵੀ ਦੀ ਪ੍ਰੋਡਕਟ ਲਾਈਨ ਵਿਚ ਹੁਣ ਤਿੰਨ ਚੀਜ਼ਾਂ ਸ਼ਾਮਲ ਹਨ ਅਤੇ ਇਹ ਕੈਨੇਡਾ ਭਰ ਵਿਚ 150 ਨਾਲੋਂ ਜ਼ਿਆਦਾ ਸਟੋਰਾਂ ਵਿਚ, ਐਮਾਜ਼ੋਨ ਵਰਗੇ ਅੰਤਰਰਾਸ਼ਟਰੀ ਔਨਲਾਈਨ ਵਿਕਰੇਤਾ ਰਾਹੀਂ ਅਤੇ ਇਸ ਦੇ ਨਾਲ ਨਾਲ ਲੋਵੀ ਦੇ ਵੈੱਬਸਾਈਟ ਤੋਂ ਖਰੀਦੀਆਂ ਜਾ ਸਕਦੀਆਂ ਹਨ। ਇਸ ਸਾਲ ਮਾਰਸੀ ਨੇ ਆਪਣੀਆਂ ਚੀਜ਼ਾਂ ਸਾਊਥ ਅਫਰੀਕਾ ਅਤੇ ਇੰਗਲੈਂਡ ਨੂੰ ਵੀ ਡਿਸਟ੍ਰੀਬਿਊਟਰਾਂ ਰਾਹੀਂ ਐਕਸਪੋਰਟ ਕਰਨੀਆਂ ਸ਼ੁਰੂ ਕੀਤੀਆਂ ਹਨ। ਪਰ ਇਹ ਵੱਡਾ ਕਦਮ ਚੁੱਕਣ ਤੋਂ ਪਹਿਲਾਂ ਉਸ ਨੇ ਇਹ ਪੱਕਾ ਕੀਤਾ ਕਿ ਇਹ ਇਕ ਸਹੀ ਫੈਸਲਾ ਸੀ।

ਮਾਰਸੀ ਦਾ ਕਹਿਣਾ ਹੈ, "ਐਕਸਪੋਰਟ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਖੋਜ ਕਰੋ ਅਤੇ ਇਹ ਪੱਕਾ ਕਰੋ ਕਿ ਤੁਹਾਨੂੰ ਆਪਣੇ ਖਰਚਿਆਂ ਦੀ ਅਸਲੀ ਸਮਝ ਹੈ। ਤੁਹਾਨੂੰ ਸ਼ਿਪਿੰਗ, ਟੈਕਸਾਂ, ਐਕਸਚੇਂਜ ਰੇਟਾਂ ਅਤੇ ਬਰੋਕਰੇਜ ਫੀਸਾਂ ਅਤੇ ਹੋਰ ਕਈ ਕੁਝ ਦੇ ਖਰਚਿਆਂ 'ਤੇ ਵਿਚਾਰ ਕਰਨ ਦੀ ਲੋੜ ਹੈ। ਆਪਣੇ ਨੰਬਰਾਂ ਨੂੰ ਸਮਝੋ, ਆਪਣੇ ਘੱਟ ਤੋਂ ਘੱਟ ਮੁਨਾਫੇ (ਮਾਰਜਿਨਜ਼) ਬਾਰੇ ਜਾਣੋ ਅਤੇ ਉਸ ਦੇਸ਼ ਦੇ ਨਿਯਮ ਅਤੇ ਕਾਨੂੰਨ ਜਾਣੋ ਜਿਸ ਨੂੰ ਤੁਸੀਂ ਐਕਸਪੋਰਟ ਕਰ ਰਹੇ ਹੋ। ਇਹ ਪੱਕਾ ਕਰੋ ਕਿ ਤੁਸੀਂ ਕਾਨੂੰਨਾਂ ਦੀ ਪਾਲਣਾ ਕਰ ਰਹੇ ਹੋ ਤਾਂ ਜੋ ਤੁਹਾਡੀਆਂ ਵਸਤਾਂ ਕਸਟਮਜ਼ ਵਿਭਾਗ ਵਿਚ ਹੀ ਨਾ ਫਸੀਆਂ ਰਹਿਣ!"

ਅਗਲੇ ਸਾਲ ਵਿਚ, ਮਾਰਸੀ ਲੋਵੀ ਵਸਤਾਂ ਨੂੰ ਏਸ਼ੀਆ ਵਿਚ ਵੇਚ ਕੇ ਆਪਣੇ ਕਾਰੋਬਾਰ ਨੂੰ ਹੋਰ ਵਧਾਉਣ ਦੀ ਵਿਉਂਤ ਬਣਾ ਰਹੀ ਹੈ। ਐਕਸਪੋਰਟ ਕਰਨ ਦੀ ਚੋਣ ਕਰਨੀ ਸੌਖੀ ਨਹੀਂ ਸੀ, ਪਰ ਉਹਦੇ ਲਈ ਇਹ ਸਹੀ ਚੋਣ ਸੀ।

***ਛੋਟੇ ਕਾਰੋਬਾਰਾਂ ਦੀ ਕਾਮਯਾਬੀ ਦੀਆਂ ਹੋਰ ਕਹਾਣੀਆਂ ਲਈ ਜਾਉ***
*www.smallbusinessbc.ca/around-bc*

# ਅਸੀਂ ਤੁਹਾਨੂੰ ਇਹ ਵੈੱਬਸਾਈਟ ਦੇਖਣ ਦਾ ਵੀ ਸੁਝਾਅ ਦਿੰਦੇ ਹਾਂ:

**ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ**

www.cbsa-asfc.gc.ca/export/menu-eng.html
ਟੈਲੀਫੋਨ: 1.800.461.9999
ਈ–ਮੇਲ: contact@cbsa.gc.ca
ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐੱਸ ਏ) ਦਾ ਵੈੱਬਸਾਈਟ, ਛੋਟੇ ਅਤੇ ਦਰਮਿਆਨੇ ਅਕਾਰ ਦੇ ਕਾਰੋਬਾਰਾਂ ਲਈ ਤਿਆਰ ਕੀਤੀ ਗਈ ਕਈ ਤਰ੍ਹਾਂ ਦੀ ਫਾਇਦੇਮੰਦ ਜਾਣਕਾਰੀ ਪੇਸ਼ ਕਰਦਾ ਹੈ, ਜਿਸ ਵਿਚ *ਐਕਸਪੋਰਟਿੰਗ: ਏ ਸਟੈੱਪ–ਬਾਈ–ਸਟੈੱਪ ਗਾਈਡ* www.cbsa-asfc.gc.ca/export/guide-eng.html ਵੀ ਸ਼ਾਮਲ ਹੈ ਜੋ ਕਿ ਐਕਸਪੋਰਟ ਦੇ ਨਿਯਮਾਂ ਬਾਰੇ ਦੱਸਦੀ ਹੈ।

**ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ**

www.inspection.gc.ca
ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ (ਸੀ ਐੱਫ ਆਈ ਏ) ਬੂਟਿਆਂ, ਜਾਨਵਰਾਂ ਅਤੇ ਖਾਣਿਆਂ ਦੀਆਂ ਵਸਤਾਂ ਦੇ ਇਮਪੋਰਟ ਲਈ ਨੀਤੀਆਂ ਅਤੇ ਨਿਯਮ ਤਹਿ ਕਰਦੀ ਹੈ ਜਿਹੜੇ ਕਿ ਫਿਰ ਕੈਨੇਡਾ ਵਿਚ ਦਾਖਲੇ ਵਾਲੀਆਂ ਥਾਂਵਾਂ ’ਤੇ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਵਲੋਂ ਲਾਗੂ ਕੀਤੇ ਜਾਂਦੇ ਹਨ। ਇਮਪੋਰਟ ਦੀਆਂ ਸ਼ਰਤਾਂ ਬਾਰੇ ਸਹੀ ਅਤੇ ਸਮੇਂ ਸਿਰ ਜਾਣਕਾਰੀ ਲੈਣ ਲਈ, ਸੀ ਐੱਫ ਆਈ ਏ ਦੇ ਆਟੋਮੈਟਿਡ ਇਮਪੋਰਟ ਰੈਫਰੈਂਸ ਸਿਸਟਮ (ਏ ਆਈ ਆਰ ਐੱਸ) ਦੀ ਵਰਤੋਂ ਕਰੋ। ਬੱਸ www.inspection.gc.ca ’ਤੇ ਜਾਉ ਅਤੇ ਸਰਚ ਫੀਲਡ ਵਿਚ “AIRS” ਟਾਈਪ ਕਰੋ। ਤੁਸੀਂ ਸੀ ਐੱਫ ਆਈ ਏ ਨੈਸ਼ਨਲ ਇਮਪੋਰਟ ਸੈਂਟਰ ਨੂੰ 1-800-835-4486 ’ਤੇ ਫੋਨ ਵੀ ਕਰ ਸਕਦੇ ਹੋ।

**ਟਰੇਡ ਐਂਡ ਇਨਵੈਸਟ ਬ੍ਰਿਟਿਸ਼ ਕੋਲੰਬੀਆ**

www.britishcolumbia.ca
ਟਰੇਡ ਐਂਡ ਇਨਵੈਸਟ ਬੀ.ਸੀ. ਅੰਤਰਰਾਸ਼ਟਰੀ ਉਦਯੋਗਾਂ ਨਾਲ ਕੰਮ ਕਰਦਾ ਹੈ ਅਤੇ ਉਨ੍ਹਾਂ ਦੀ ਵਸੀਲਿਆਂ, ਹੁਨਰਾਂ ਅਤੇ ਕਾਰੋਬਾਰਾਂ ਨਾਲ ਵਧੀਆ ਲਿੰਕ ਬਣਾਉਣ ਵਿਚ ਮਦਦ ਕਰਦਾ ਹੈ ਜਿਹੜੇ ਬ੍ਰਿਟਿਸ਼ ਕੋਲੰਬੀਆ ਨੂੰ ਕੰਮ ਕਰਨ ਅਤੇ ਇਨਵੈਸਟ ਕਰਨ ਲਈ ਇਕ ਆਕਰਸ਼ਕ ਥਾਂ ਬਣਾਉਂਦੇ ਹਨ। ਉਨ੍ਹਾਂ ਕੋਲ ਬੀ.ਸੀ. ਵਿਚ ਟਰੇਡ ਅਤੇ ਇਨਵੈਸਟਮੈਂਟ ਮਾਹਰਾਂ ਦੀ ਇਕ ਸਮਰਪਿਤ ਟੀਮ ਹੈ, ਅਤੇ ਇਸ ਦੇ ਨਾਲ ਨਾਲ ਅੰਤਰਰਾਸ਼ਟਰੀ ਟਰੇਡ ਅਤੇ ਇਨਵੈਸਟਮੈਂਟ ਨੁਮਾਇੰਦਿਆਂ ਦਾ ਇਕ ਨੈੱਟਵਰਕ ਹੈ ਜੋ ਕਿ ਚੀਨ, ਜਪਾਨ, ਕੋਰੀਆ, ਭਾਰਤ, ਯੂਰਪ ਅਤੇ ਅਮਰੀਕਾ ਵਿਚ ਹਨ। ਇਨਵੈਸਟਰਾਂ, ਖਰੀਦਦਾਰਾਂ ਅਤੇ ਐਕਸਪੋਰਟਰਾਂ ਲਈ ਮਨਿਸਟਰੀ ਔਫ ਇੰਟਰਨੈਸ਼ਨਲ ਟਰੇਡ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜ਼ਿਆਦਾ ਜਾਣਨ ਲਈ www.britishcolumbia.ca ’ਤੇ ਜਾਉ।

## ਐਕਸਪੋਰਟ ਡਿਵੈਲਪਮੈਂਟ ਕੈਨੇਡਾ

www.edc.ca
ਟੈਲੀਫੋਨ: 1.866.283.2957
ਐਕਸਪੋਰਟ ਡਿਵੈਲਪਮੈਂਟ ਕੈਨੇਡਾ (ਈ ਡੀ ਸੀ), 1944 ਤੋਂ ਦੁਨੀਆਂ ਭਰ ਵਿਚ ਕਾਰੋਬਾਰ ਕਰਨ ਲਈ ਕੈਨੇਡੀਅਨ ਕੰਪਨੀਆਂ ਅਤੇ ਇਨਵੈਸਟਰਾਂ ਦੀ ਮਦਦ ਕਰਦਾ ਆ ਰਿਹਾ ਹੈ। ਵਿੱਤੀ ਅਤੇ ਇਨਸ਼ੋਰੈਂਸ ਨਾਲ ਸੰਬੰਧਤ ਵਸਤਾਂ ਅਤੇ ਸੇਵਾਵਾਂ ਦੇ ਮਿਸ਼ਰਣ ਰਾਹੀਂ ਈ ਡੀ ਸੀ ਮਾਰਕੀਟ ਦੀ ਸੂਝ ਪੇਸ਼ ਕਰਦਾ ਹੈ ਅਤੇ ਅੰਤਰਰਾਸ਼ਟਰੀ ਵਿਕਰੀਆਂ ਅਤੇ ਇਨਵੈਸਟਮੈਂਟ ਵਿਚ ਮਦਦ ਕਰਦਾ ਹੈ।

## ਐਕਸਪੋਰਟ ਕੰਟਰੋਲਜ਼ ਔਨਲਾਈਨ

www.international.gc.ca/controls-controles
ਟੈਲੀਫੋਨ: 1.877.808.8838
ਈ-ਮੇਲ: eics.scei@international.gc.ca
ਐਕਸਪੋਰਟ ਕੰਟਰੋਲਜ਼ ਔਨਲਾਈਨ (ਈ ਐਕਸ ਸੀ ਓ ਐੱਲ) ਇਕ ਵੈੱਬ ਆਧਾਰਿਤ ਸਾਧਨ ਹੈ ਜੋ ਕਿ ਕੈਨੇਡੀਅਨ ਸਰਕਾਰ ਨੂੰ ਇੰਟਰਨੈੱਟ ਰਾਹੀਂ ਅਰਜ਼ੀਆਂ ਭੇਜਣ ਲਈ ਦੋਸਤਾਨਾ ਮਾਹੌਲ ਪੈਦਾ ਕਰਦਾ ਹੈ। ਈ ਐਕਸ ਸੀ ਓ ਐੱਲ ਰਾਹੀਂ, ਤੁਸੀਂ ਨਵੇਂ ਐਕਸਪੋਰਟ ਪਰਮਿਟਾਂ ਅਤੇ ਸਰਟੀਫਿਕੇਟਾਂ ਲਈ ਅਰਜ਼ੀਆਂ ਦੇ ਸਕਦੇ ਹੋ ਜਾਂ ਮੌਜੂਦਾ ਪਰਮਿਟਾਂ ਵਿਚ ਤਬਦੀਲੀਆਂ ਲਈ ਬੇਨਤੀ ਕਰ ਸਕਦੇ ਹੋ। ਇਸ ਸਰਵਿਸ ਦੀ ਵਰਤੋਂ ਕਰਨ ਲਈ ਤੁਹਾਨੂੰ ਪਹਿਲਾਂ ਐਕਸਪੋਰਟ ਐਂਡ ਇਮਪੋਰਟ ਕੰਟਰੋਲਜ਼ ਬਿਊਰੋ, ਫੌਰਨ ਅਫੇਅਰਜ਼, ਟਰੇਡ ਐਂਡ ਡਿਵੈਲਪਮੈਂਟ ਕੈਨੇਡਾ ਨਾਲ ਰਜਿਸਟਰ ਹੋਣਾ ਪਵੇਗਾ। ਜ਼ਿਆਦਾ ਜਾਣਕਾਰੀ ਅਤੇ ਔਨਲਾਈਨ ਫਾਰਮਾਂ ਲਈ ਈ ਐਕਸ ਸੀ ਓ ਐੱਲ ਦੇ ਵੈੱਬਸਾਈਟ ’ਤੇ ਜਾਉ ਜਾਂ 1.877.808.8838 ’ਤੇ ਈ ਐਕਸ ਸੀ ਓ ਐੱਲ ਦੇ ਹੈਲਪ ਡੈੱਸਕ ਨੂੰ ਫੋਨ ਕਰੋ।

## ਬ੍ਰਿਟਿਸ਼ ਕੋਲੰਬੀਆ ਬਿਜ਼ਨਸ ਨੈੱਟਵਰਕ

www.britishcolumbia.ca/buy/find-suppliers.aspx
ਬੀ.ਸੀ. ਬਿਜ਼ਨਸ ਨੈੱਟਵਰਕ ਬ੍ਰਿਟਿਸ਼ ਕੋਲੰਬੀਆ ਸਰਕਾਰ ਵਲੋਂ ਪ੍ਰਦਾਨ ਕੀਤਾ ਜਾਂਦਾ ਇਕ ਵਸੀਲਾ ਹੈ ਜੋ ਕਿ ਵਿਕਰੀ ਲਈ ਚੀਜ਼ਾਂ ਅਤੇ ਸੇਵਾਵਾਂ ਵਾਲੇ ਐਕਸਪੋਰਟਰਾਂ ਅਤੇ ਸਪਲਾਇਰਾਂ ਦੀ ਪਛਾਣ ਕਰਨ ਵਿਚ ਤੁਹਾਡੀ ਮਦਦ ਕਰਦਾ ਹੈ।

ਛੇਤੀ ਅਤੇ ਸੌਖ ਨਾਲ ਸਪਲਾਇਰ ਲੱਭੋ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਇਮਪੋਰਟ ਕਰਨ ਬਾਰੇ ਜ਼ਿਆਦਾ ਜਾਣੋ।

# ਵਪਾਰ ਲਈ ਹੋਰ ਸ੍ਰੋਤ

ਵਪਾਰ ਦੇ ਨਵੇਂ ਮੌਕੇ ਲੱਭਣ ਅਤੇ ਤੁਹਾਡੀਆਂ ਵਸਤਾਂ ਜਾਂ ਸੇਵਾਵਾਂ ਦਾ ਪ੍ਰਚਾਰ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਕਈ ਸੇਵਾਵਾਂ ਉਪਲਬਧ ਹਨ:

**ਕੈਨੇਡੀਅਨ ਕੰਪਨੀ ਕੈਪੇਬਿਲਟੀਜ਼ ਡੈਟਾਬੇਸ**

www.ic.gc.ca/eic/site/ccc-rec.nsf/eng/Home

ਟੈਲੀਫੋਨ: 1.800.328.6189

ਇੰਡਸਟਰੀ ਕੈਨੇਡਾ ਦੇ ਕੈਨੇਡੀਅਨ ਕੰਪਨੀ ਕੈਪੇਬਿਲਟੀਜ਼ ਡੈਟਾਬੇਸ (ਸੀ ਸੀ ਸੀ ਡੀ) ਨਾਲ ਰਜਿਸਟਰ ਹੋਵੋ ਤਾਂ ਜੋ ਇਹ ਯਕੀਨੀ ਬਣੇ ਕਿ ਕੈਨੇਡਾ ਅਤੇ ਦੁਨੀਆਂ ਭਰ ਦੇ ਖਰੀਦਾਰ ਤੁਹਾਡੀਆਂ ਚੀਜ਼ਾਂ ਅਤੇ ਸੇਵਾਵਾਂ ਬਾਰੇ ਜਾਣਦੇ ਹੋਣ। ਡੈਟਾਬੇਸ ਵਿਚ 60,000 ਤੋਂ ਵੀ ਜ਼ਿਆਦਾ ਕੈਨੇਡੀਅਨ ਕੰਪਨੀਆਂ ਬਾਰੇ ਜਾਣਕਾਰੀ ਸ਼ਾਮਲ ਹੈ। ਕੈਨੇਡੀਅਨ ਕਾਰੋਬਾਰਾਂ ਦੀ ਭਾਲ ਵਿਚ ਹਰ ਮਹੀਨੇ 500,000 ਤੋਂ ਵੀ ਜ਼ਿਆਦਾ ਘਰੇਲੂ ਅਤੇ ਅੰਤਰਰਾਸ਼ਟਰੀ ਕੰਪਨੀਆਂ ਡੈਟਾਬੇਸ ਦੇਖਦੀਆਂ ਹਨ। ਤੁਸੀਂ ਸੀ ਸੀ ਸੀ ਡੀ ਨਾਲ ਰਜਿਸਟਰ ਹੋਣ ਬਾਰੇ ਇੱਥੋਂ ਹੋਰ ਜਾਣਕਾਰੀ ਲੈ ਸਕਦੇ ਹੋ:

www.bcbusinessregistry.ca/registrations.htm

**ਕੈਨੇਡੀਅਨ ਟਰੇਡ ਕਮਿਸ਼ਨਰ ਸਰਵਿਸ**

www.tradecommissioner.gc.ca

ਟੈਲੀਫੋਨ: 1.888.306.9991

ਕੈਨੇਡੀਅਨ ਟਰੇਡ ਕਮਿਸ਼ਨਰ ਸਰਵਿਸ (ਟੀ ਸੀ ਐੱਸ), ਤੁਹਾਡੇ ਅੰਤਰਰਾਸ਼ਟਰੀ ਕਾਰੋਬਾਰੀ ਟੀਚੇ ਪ੍ਰਾਪਤ ਕਰਨ ਵਿਚ ਤੁਹਾਡੀ ਮਦਦ ਲਈ ਤੁਹਾਨੂੰ ਬਦੇਸ਼ੀ ਮਾਰਕੀਟਾਂ ਬਾਰੇ ਬੁਨਿਆਦੀ ਸੂਝ ਅਤੇ ਅਮਲੀ ਸਲਾਹ ਦੇਵੇਗੀ ਤਾਂ ਜੋ ਆਪਣੇ ਅੰਤਰਰਾਸ਼ਟਰੀ ਕਾਰੋਬਾਰੀ ਟੀਚੇ ਪ੍ਰਾਪਤ ਕਰਨ ਵਿਚ ਬਿਹਤਰ, ਸਮੇਂ ਸਿਰ ਅਤੇ ਕਫਾਇਤੀ ਫੈਸਲੇ ਕਰਨ ਵਿਚ ਤੁਹਾਡੀ ਮਦਦ ਹੋ ਸਕੇ। ਉਹ ਅੰਤਰਰਾਸ਼ਟਰੀ ਮਾਰਕੀਟਾਂ ਲਈ ਤਿਆਰ ਹੋਣ, ਤੁਹਾਡੀਆਂ ਮਾਰਕੀਟ ਸੰਭਾਵਨਾਵਾਂ ਦਾ ਪਤਾ ਲਾਉਣ, ਸਹੀ ਸੰਪਰਕ ਲੱਭਣ ਅਤੇ ਕਾਰੋਬਾਰ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਟੀ ਸੀ ਐੱਸ ਦੀਆਂ ਸੇਵਾਵਾਂ ਕੈਨੇਡੀਅਨ ਕੰਪਨੀਆਂ ਅਤੇ ਸੰਸਥਾਵਾਂ ਨੂੰ ਮੁਫਤ ਦਿੱਤੀਆਂ ਜਾਂਦੀਆਂ ਹਨ।

**ਕੌਨਸੀਅਰਜ ਸਰਵਿਸ**

www.concierge.portal.gc.ca

ਟੈਲੀਫੋਨ: 1.855.53.GUIDE (1.855.534.8433)

ਕੈਨੇਡਾ ਸਰਕਾਰ ਦੀ ਕੌਨਸੀਅਰਜ ਸਰਵਿਸ ਛੋਟੇ ਤੋਂ ਦਰਮਿਆਨੇ ਉਦਯੋਗਾਂ ਦੀ ਬਹੁਤ ਸਾਰੇ ਉਪਲਬਧ ਨਵੇਂ ਵਸੀਲੇ ਲੱਭਣ ਵਿਚ ਮਦਦ ਕਰਦੀ ਹੈ ਅਤੇ ਸਰਕਾਰ ਵਲੋਂ ਦਿੱਤੇ ਜਾਂਦੇ ਪ੍ਰੋਗਰਾਮਾਂ ਵਿਚ ਮਦਦ ਕਰਦੀ ਹੈ। ਕੌਨਸੀਅਰਜ ਸਲਾਹਕਾਰ, ਜੋ ਕਿ ਕੈਨੇਡਾ ਭਰ ਵਿਚ ਸਥਿਤ ਹਨ, ਆਹਮੋ-ਸਾਹਮਣੇ ਮਦਦ ਪ੍ਰਦਾਨ ਕਰਦੇ ਹਨ ਅਤੇ ਕਲਾਇੰਟਾਂ ਨੂੰ ਸਭ ਤੋਂ ਢੁਕਵੇਂ ਨਵੇਂ ਪ੍ਰੋਗਰਾਮਾਂ ਅਤੇ ਉਪਲਬਧ ਸੇਵਾਵਾਂ ਵੱਲ ਸੇਧਤ ਕਰਨ ਵਿਚ ਮਦਦ ਕਰਨ ਲਈ ਇੰਡਸਟਰੀ ਦੇ ਆਪਣੇ ਤਜਰਬੇ ਅਤੇ ਡੂੰਘੇ ਗਿਆਨ ਦੀ ਵਰਤੋਂ ਕਰਨਗੇ। ਦੋਭਾਸ਼ੀ

ਕੌਨਸੀਅਰਜ ਸਰਵਿਸ, ਨੈਸ਼ਨਲ ਰੀਸਰਚ ਕੌਂਸਲ ਔਫ ਕੈਨੇਡਾ ਇੰਡਸਟਰੀਅਲ ਰੀਸਰਚ ਅਸਿਸਟੈਂਸ ਪ੍ਰੋਗਰਾਮ (ਐੱਨ ਆਰ ਸੀ – ਆਈ ਆਰ ਏ ਪੀ) ਵਲੋਂ 40 ਨਾਲੋਂ ਵੱਧ ਫੈਡਰਲ ਅਤੇ ਸੂਬਾਈ ਹਿੱਸੇਦਾਰਾਂ ਦੇ ਸਹਿਯੋਗ ਨਾਲ ਦਿੱਤੀ ਜਾਂਦੀ ਹੈ।

## ਕੰਪੀਟੀਸ਼ਨ ਬਿਊਰੋ

www.competitionbureau.gc.ca
ਟੈਲੀਫੋਨ: 1.800.348.5358
ਕੰਪੀਟੀਸ਼ਨ ਬਿਊਰੋ ਕਾਨੂੰਨ ਲਾਗੂ ਕਰਨ ਵਾਲੀ ਇਕ ਆਜ਼ਾਦ ਏਜੰਸੀ ਹੈ ਜੋ ਕਿ ਇਹ ਪੱਕਾ ਕਰਦੀ ਹੈ ਕਿ ਕੈਨੇਡੀਅਨ ਕਾਰੋਬਾਰ ਅਤੇ ਖਪਤਕਾਰ ਇਕ ਮੁਕਾਬਲਾਕਾਰੀ ਅਤੇ ਨਵੀਨ ਮਾਰਕੀਟ ਵਿਚ ਤਰੱਕੀ ਕਰਨ। ਕੰਪੀਟੀਸ਼ਨ ਬਿਊਰੋ *ਕੰਜ਼ਿਊਮਰ ਪੈਕੇਜਿੰਗ ਐਂਡ ਲੇਬਲਿੰਗ ਐਕਟ* ਬਾਰੇ ਜਾਣਕਾਰੀ ਦਿੰਦੀ ਹੈ ਜੋ ਕਿ ਇਹ ਮੰਗ ਕਰਦਾ ਹੈ ਕਿ ਪਹਿਲਾਂ ਹੀ ਪੈਕ ਕੀਤੀਆਂ ਹੋਈਆਂ ਖਪਤਕਾਰੀ ਚੀਜ਼ਾਂ ਆਪਣੇ ਲੇਬਲਾਂ ’ਤੇ ਸਹੀ ਅਤੇ ਅਰਥਭਰਪੂਰ ਜਾਣਕਾਰੀ ਦੇਣ ਤਾਂ ਜੋ ਖਪਤਕਾਰਾਂ ਦੀ ਜਾਣਕਾਰੀ ਲੈ ਕੇ ਖਰੀਦ ਕਰਨ ਦੇ ਫੈਸਲਿਆਂ ਵਿਚ ਮਦਦ ਹੋਵੇ।

## ਆਰ ਐੱਫ ਪੀ ਸੋਰਸ

www.rfpsource.ca
ਆਰ ਐੱਫ ਪੀ ਸੋਰਸ ਇਕ ਮੁਫਤ ਇਲੈਕਟਰੌਨਿਕ ਮੈਚਿੰਗ ਸਰਵਿਸ ਹੈ ਜੋ ਕਿ ਕੈਨੇਡਾ ਸਰਕਾਰ ਵਲੋਂ ਅੰਤਰਰਾਸ਼ਟਰੀ ਬਿਜ਼ਨਸ ਅਤੇ ਹਿੱਸੇਦਾਰੀ ਦੇ ਮੌਕੇ ਲੱਭਣ ਵਿਚ ਕੈਨੇਡੀਅਨ ਕੰਪਨੀਆਂ ਦੀ ਮਦਦ ਕਰਨ ਲਈ ਪ੍ਰਦਾਨ ਕੀਤੀ ਜਾਂਦੀ ਹੈ। ਆਰ ਐੱਫ ਪੀ ਸੋਰਸ ਉਨ੍ਹਾਂ ਹਜ਼ਾਰਾਂ ਮੌਕਿਆਂ ਨਾਲ ਤੁਹਾਡਾ ਮੇਲ ਕਰਵਾਏਗਾ ਜਿਹੜੇ ਰੋਜ਼ਾਨਾ ਪ੍ਰਾਪਤ ਹੁੰਦੇ ਹਨ ਅਤੇ ਜਿਹੜੇ ਤੁਹਾਡੇ ਕਾਰੋਬਾਰ ਦੀਆਂ ਲੋੜਾਂ ਪੂਰੀਆਂ ਕਰਦੇ ਹੋਣਗੇ, ਉਹ ਤੁਹਾਨੂੰ ਸਿੱਧਾ ਈਮੇਲ ਰਾਹੀਂ ਭੇਜੇਗਾ।

## ਕੈਨੇਡੀਅਨ ਕਮਰਸ਼ੀਅਲ ਕਾਰਪੋਰੇਸ਼ਨ

www.ccc.ca
ਟੈਲੀਫੋਨ: 1 800 748-8191
ਕੀ ਤੁਸੀਂ ਆਪਣੀਆਂ ਅੰਤਰਰਾਸ਼ਟਰੀ ਸੇਲਜ਼ ਲਈ ਬਦੇਸ਼ੀ ਸਰਕਾਰਾਂ ਨੂੰ ਨਿਸ਼ਾਨਾ ਬਣਾ ਰਹੇ ਹੋ? ਕੈਨੇਡੀਅਨ ਕਮਰਸ਼ੀਅਲ ਕਾਰਪੋਰੇਸ਼ਨ (ਸੀ ਸੀ ਸੀ) ਸਰਕਾਰ-ਤੋਂ-ਸਰਕਾਰ ਨਾਲ ਸੰਪਰਕਾਂ ਰਾਹੀਂ, ਕੈਨੇਡਾ ਤੋਂ ਬਾਹਰ ਸਰਕਾਰੀ ਮਾਰਕੀਟਾਂ ਤੱਕ ਪਹੁੰਚ ਕਰਨ ਵਿਚ ਕੈਨੇਡੀਅਨ ਕੰਪਨੀਆਂ ਦੀ ਮਦਦ ਕਰਦੀ ਹੈ। ਓਟਵਾ ਵਿਚ ਹੈੱਡਕੁਆਰਟਰ ਨਾਲ, ਸੀ ਸੀ ਸੀ, ਐਕਸਪੋਰਟ ਡਿਵੈਲਪਮੈਂਟ ਕੈਨੇਡਾ ਅਤੇ ਡਿਪਾਰਟਮੈਂਟ ਔਫ ਇੰਟਰਨੈਸ਼ਨਲ ਟਰੇਡ ਐਂਡ ਡਿਵੈਲਪਮੈਂਟ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਟਰੇਡ ਦੇ ਮਨਿਸਟਰ ਹੇਠ ਕੰਮ ਕਰਦੀ ਹੈ। ਸਾਲ 2012–13 ਵਿਚ, ਸੀ ਸੀ ਸੀ ਨੇ 210 ਕੈਨੇਡੀਅਨ ਕੰਪਨੀਆਂ ਨਾਲ ਕੰਮ ਕੀਤਾ ਅਤੇ ਇਹ 72 ਨਾਲੋਂ ਜ਼ਿਆਦਾ ਦੇਸ਼ਾਂ ਵਿਚ ਸਰਗਰਮ ਸੀ।

ਸੀ ਸੀ ਸੀ ਢਾਂਚਾ ਬਣਾਉਣ ਵਿਚ ਅਤੇ ਅਗਲਾ ਅੰਤਰਰਾਸ਼ਟਰੀ ਸੰਪਰਕ ਹਾਸਲ ਕਰਨ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਜ਼ਿਆਦਾ ਜਾਣਕਾਰੀ ਲਈ www.ccc.ca ’ਤੇ ਜਾਓ।

**ਟਰੇਡ ਡੈਟਾ ਔਨਲਾਈਨ**

www.ic.gc.ca/eic/site/tdo-dcd.nsf/eng/Home

ਟਰੇਡ ਡੈਟਾ ਔਨਲਾਈਨ (ਟੀ ਡੀ ਓ), ਕੈਨੇਡਾ ਅਤੇ ਅਮਰੀਕਾ ਵਲੋਂ 200 ਨਾਲੋਂ ਜ਼ਿਆਦਾ ਦੇਸ਼ਾਂ ਨਾਲ ਟਰੇਡ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਖਾਸ ਰਿਪੋਰਟਾਂ ਪ੍ਰਦਾਨ ਕਰਦਾ ਹੈ।

ਤੁਹਾਨੂੰ ਅੰਤਰਰਾਸ਼ਟਰੀ ਟਰੇਡ ਦੇ ਅੰਕੜੇ ਇਕੱਠੇ ਕਰਨ, ਟਰੇਡ ਡੈਟਾ ’ਤੇ ਖੋਜ ਕਰਨ ਜਾਂ ਕੈਨੇਡਾ ਦੀ ਘਰੇਲੂ ਮਾਰਕੀਟ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੋ ਸਕਦੀ ਹੈ, ਇਹ ਪਤਾ ਲਾਉ ਕਿ ਟੀ ਡੀ ਓ ਕਿਵੇਂ ਰੋਜ਼ਾਨਾ ਕਾਰਜਾਂ ਵਿਚ ਤੁਹਾਡੀ ਮਦਦ ਕਰ ਸਕਦੀ ਹੈ।

ਇਹ ਰਿਪੋਰਟਾਂ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਦੇਣਗੀਆਂ:

- ਖਾਸ ਵਸਤਾਂ ਜਾਂ ਇੰਡਸਟਰੀਆਂ
- ਖਾਸ ਜਾਂ ਕਈ ਦੇਸ਼
- ਖਾਸ, ਕਈ ਜਾਂ ਪਿਛਲੇ 5 ਜਾਂ 10 ਸਾਲ

ਟਰੇਡ ਡੈਟਾ ਔਨਲਾਈਨ ਦੇਖੋ ਅਤੇ ਇਹ ਪਤਾ ਲਾਉ ਕਿ ਤੁਸੀਂ ਕਿਵੇਂ ਦਿੱਤੀ ਜਾਂਦੀ ਜਾਣਕਾਰੀ ਤੋਂ ਫਾਇਦਾ ਲੈ ਸਕਦੇ ਹੋ।

**ਕੈਨੇਡਾ ਦਾ ਪੈਸੇਫਿਕ ਗੇਟਵੇਅ**

www.pacificgateway.gov.bc.ca

ਬ੍ਰਿਟਿਸ਼ ਕੋਲੰਬੀਆ ਏਸ਼ੀਆ ਪੈਸੇਫਿਕ ਨਾਲ ਵਪਾਰ ਲਈ ਇਕ ਤਰਜੀਹੀ ਦੁਆਰ ਹੈ, ਜੋ ਕਿ ਅਮਰੀਕਾ ਦੇ ਪੱਛਮੀ ਕੰਢੇ ’ਤੇ ਸਭ ਤੋਂ ਜ਼ਿਆਦਾ ਮੁਕਾਬਲਾਕਾਰੀ ਸਪਲਾਈ ਚੇਨ ਹੈ। ਬੀ.ਸੀ. ਦੀ ਸਮੁੱਚੀ ਬਹੁਤ ਵਧੀਆ ਸਪਲਾਈ ਚੇਨ ਵਿਚ ਏਅਰਪੋਰਟਾਂ, ਬੰਦਰਗਾਹਾਂ, ਰੇਲਵੇ, ਸੜਕੀ ਰਸਤੇ ਅਤੇ ਬਾਰਡਰ ਕਰਾਸਿੰਗਜ਼ ਸ਼ਾਮਲ ਹਨ ਜੋ ਕਿ ਕੈਨੇਡਾ ਅਤੇ ਉੱਤਰੀ ਅਮਰੀਕਾ ਦੀ ਮਾਰਕੀਟ ਨੂੰ ਏਸ਼ੀਆ ਅਤੇ ਦੁਨੀਆਂ ਨਾਲ ਜੋੜਦੇ ਹਨ। ਸਰਕਾਰ ਅਤੇ ਇੰਡਸਟਰੀ ਦੇ ਹਿੱਸੇਦਾਰਾਂ ਨੇ ਸਮਰੱਥਾ ਵਧਾਉਣ ਲਈ, ਭੀੜ-ਭੜੱਕਾ ਘਟਾਉਣ ਲਈ ਅਤੇ ਕਾਰਜਾਂ ਨੂੰ ਤੇਜ਼ ਕਰਨ ਲਈ ਇਨਵੈਸਟਮੈਂਟਾਂ ਕੀਤੀਆਂ ਹਨ। ਬੰਦਰਗਾਹ, ਰੇਲ, ਸੜਕ ਅਤੇ ਏਅਰਪੋਰਟ ਦੇ ਬੁਨਿਆਦੀ ਢਾਂਚਿਆਂ ਨੂੰ ਵਧਾਉਣ ਅਤੇ ਸੁਧਾਰਨ ਵਾਲੇ ਜਿਹੜੇ ਪ੍ਰੋਜੈਕਟ ਇਸ ਵੇਲੇ ਚੱਲ ਰਹੇ ਹਨ, ਉਹ ਕੁੱਲ 22 ਬਿਲੀਅਨ ਡਾਲਰ ਨਾਲੋਂ ਜ਼ਿਆਦਾ ਦੇ ਹਨ। ਸਾਲ 2013 ਵਿਚ, ਹੋਰ ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਦੀਆਂ ਇਨਵੈਸਟਮੈਂਟਾਂ ਦਾ ਐਲਾਨ ਕੀਤਾ ਗਿਆ ਜੋ ਕਿ ਪਾਣੀ ਵਾਲੇ ਜਹਾਜ਼ਾਂ ਵਿਚ ਲੱਦੇ ਜਾਣ ਵਾਲੇ ਮਾਲ ਅਤੇ ਕਨਟੇਨਰਾਂ ਦੀ ਸਮਰੱਥਾ ਵਧਾਉਣਗੀਆ ਅਤੇ ਸਪਲਾਈ ਚੇਨ ਦੀ ਕਾਰਗੁਜ਼ਾਰੀ ਵਿਚ ਸੁਧਾਰ ਕਰਨਗੀਆਂ।

**ਏਸ਼ੀਆ ਪੈਸੇਫਿਕ ਫਾਉਂਡੇਸ਼ਨ ਔਫ ਕੈਨੇਡਾ**
www.asiapacific.ca
ਟੈਲੀਫੋਨ: 604.684.5986
ਟੋਲ ਫ੍ਰੀ: 1.800.685.7823

**ਕੈਨੇਡਾ ਐਕਸਪੋਰਟ ਸੈਂਟਰ**
www.canadaexportcentre.com
ਟੈਲੀਫੋਨ: 604.685.7823
ਟੋਲ ਫ੍ਰੀ: 1.877.685.7823

**ਕੈਨੇਡਾ ਚਾਇਨਾ ਬਿਜ਼ਨਸ ਕੌਂਸਲ**
www.ccbc.com
ਟੈਲੀਫੋਨ: 604.630.8838

**ਡਿਪਾਰਟਮੈਂਟ ਔਫ ਫੌਰਨ ਅਫੇਅਰਜ਼, ਟਰੇਡ ਐਂਡ ਡਿਵੈਲਪਮੈਂਟ ਕੈਨੇਡਾ**
www.international.gc.ca
ਟੈਲੀਫੋਨ: 1.800.267.8376

**ਏਸ਼ੀਆ-ਪੈਸੇਫਿਕ ਬਿਜ਼ਨਸ ਸੈਂਟਰ**
ਬ੍ਰਿਟਿਸ਼ ਕੋਲੰਬੀਆ ਮਨਿਸਟਰੀ ਔਫ ਇੰਟਰਨੈਸ਼ਨਲ ਟਰੇਡ
www.britishcolumbia.ca/global/trade-and-investment-representatives/asia-pacific-business-centre.aspx
ਟੈਲੀਫੋਨ: 604.660.9727
ਟੋਲ ਫ੍ਰੀ: 1.888.880.ASIA (2742)
ਈ-ਮੇਲ: asia.pacific@gov.bc.ca

**ਵੈੱਸਟਰਨ ਇਕਨੌਮਿਕ ਡਾਇਵਰਸੀਫੀਕੇਸ਼ਨ ਕੈਨੇਡਾ**
www.wd.gc.ca
ਟੈਲੀਫੋਨ: 1.888.338.9378

**ਸਮਾਲ ਬਿਜ਼ਨਸ ਬੀ ਸੀ**
*ਬ੍ਰਿਟਿਸ਼ ਕੋਲੰਬੀਆ ਵਿਚ ਕਾਰੋਬਾਰ ਸ਼ੁਰੂ ਕਰਨ ਅਤੇ ਇਸ ਨੂੰ ਵਧਾਉਣ ਲਈ ਵਿਆਪਕ ਕਾਰੋਬਾਰੀ ਜਾਣਕਾਰੀ ਅਤੇ ਕਾਰੋਬਾਰੀ ਯੋਜਨਾਬੰਦੀ ਲਈ ਵਸੀਲੇ*
**1.800.667.2272**
**www.smallbusinessbc.ca**

**ਵੰਨਸਟੌਪ ਬਿਜ਼ਨਸ ਰਜਿਸਟਰੀ**
*ਇੰਟਰਨੈੱਟ 'ਤੇ ਕਾਰੋਬਾਰ ਦੀ ਰਜਿਸਟਰੇਸ਼ਨ ਅਤੇ ਕਾਰੋਬਾਰ ਦੇ ਐਡਰੈਸ ਦੀ ਬਦਲੀ*
**1.877.822.6727**
**www.bcbusinessregistry.ca**

**ਮਨਿਸਟਰੀ ਔਫ ਜੌਬਜ਼,**
**ਟੂਰਿਜ਼ਮ ਅਤੇ ਸਕਿਲਜ਼ ਟਰੇਨਿੰਗ**
**ਸਮਾਲ ਬਿਜ਼ਨਸ ਬਰਾਂਚ**
*ਸੂਬਾਈ ਸਰਕਾਰ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ*
Box 9822 Stn Prov Govt
Victoria, BC V8W 9N3
**250.387.4699**
**www.gov.bc.ca/jtst**

**ਸਰਵਿਸ ਬੀ ਸੀ**
*ਸਰਕਾਰੀ ਸੇਵਾਵਾਂ ਤੱਕ ਸੂਬੇ ਭਰ ਵਿਚ ਪਹੁੰਚ, ਜਿਸ ਵਿਚ ਕਾਰੋਬਾਰ ਲਈ ਮੁੱਖ ਸਰਕਾਰੀ ਕਾਰ-ਵਿਹਾਰ ਵੀ ਸ਼ਾਮਲ ਹੈ*
**1.800.663.7867 (ਇਨਕੁਆਰੀ ਬੀ ਸੀ) ਨੇੜੇ ਦੇ ਸਰਵਿਸ ਬੀ ਸੀ ਸੰਪਰਕ ਸੈਂਟਰ 'ਤੇ ਤਬਦੀਲ ਕੀਤੇ ਜਾਣ ਲਈ**
**www.servicebc.gov.bc.ca**

**ਫਰੰਟ ਕਾਊਂਟਰ ਬੀ ਸੀ**
*ਸੂਬੇ ਦੇ ਕੁਦਰਤੀ ਵਸੀਲਿਆਂ ਦੀਆਂ ਮਨਿਸਟਰੀਆਂ ਅਤੇ ਏਜੰਸੀਆਂ ਦੇ ਗਾਹਕਾਂ ਨੂੰ ਉਹ ਸਾਰੀ ਜਾਣਕਾਰੀ ਅਤੇ ਪ੍ਰਵਾਨਗੀਆਂ ਇੱਕੋ ਥਾਂ ਤੋਂ ਦੇਣ ਵਾਲੀ ਸਰਵਿਸ, ਜਿਸ ਦੀ ਉਨ੍ਹਾਂ ਨੂੰ ਆਪਣੇ ਕਾਰੋਬਾਰ ਨੂੰ ਸ਼ੁਰੂ ਕਰਨ ਜਾਂ ਵਧਾਉਣ ਲਈ ਲੋੜ ਹੈ*
**1.877.855.3222**
**www.frontcounterbc.gov.bc.ca**

**ਬਿਜ਼ਪਾਲ ਬਿਜ਼ਨਸ ਪਰਮਿਟ ਅਤੇ ਲਾਇਸੰਸ**
*ਕਾਰੋਬਾਰੀ ਕਾਰਜਾਂ ਲਈ ਪਰਮਿਟ ਅਤੇ ਲਾਇਸੰਸਾਂ ਦੀਆਂ ਸ਼ਰਤਾਂ ਦੀ ਤੇਜ਼ੀ ਅਤੇ ਸੌਖ ਨਾਲ ਪਛਾਣ ਕਰਨ ਲਈ ਇੰਟਰਨੈੱਟ 'ਤੇ ਸ੍ਰੋਤ*
**bizpal@gov.bc.ca**
**www.bcbizpal.ca**

**ਵਰਕ ਬੀ ਸੀ**
*ਜੌਬਾਂ ਭਰਨ, ਸਹੀ ਗੁਣੀ ਲੋਕ ਲੱਭਣ ਅਤੇ ਆਪਣਾ ਕਾਰੋਬਾਰ ਵਧਾਉਣ ਵਿਚ ਕੰਮ-ਮਾਲਕਾਂ ਦੀ ਮਦਦ ਕਰਨ ਲਈ ਜਾਣਕਾਰੀ ਅਤੇ ਵਸੀਲੇ*
**www.workbc.ca**

**ਅਬਰਿਜਨਲ ਬਿਜ਼ਨਸ ਸਰਵਿਸ ਨੈੱਟਵਰਕ**
*ਅਬਰਿਜਨਲ ਉੱਦਮੀਆਂ ਲਈ ਕਾਰੋਬਾਰ ਬਾਰੇ ਜਾਣਕਾਰੀ ਅਤੇ ਵਸੀਲੇ*
**250.828.9834**
**www.absn.ca**

**ਵਿਮਨ'ਜ਼ ਇੰਟਰਪਰਾਈਜ਼ ਸੈਂਟਰ**
*ਔਰਤ ਉੱਦਮੀਆਂ ਲਈ ਕਾਰੋਬਾਰ ਬਾਰੇ ਜਾਣਕਾਰੀ, ਸਲਾਹ ਮਸ਼ਵਰਾ ਅਤੇ ਹੁਨਰਾਂ ਦੀ ਟਰੇਨਿੰਗ*
**1.800.643.7014**
**www.womensenterprise.ca**

**ਕੈਨੇਡਾ ਬਿਜ਼ਨਸ ਨੈੱਟਵਰਕ**
*ਕਾਰੋਬਾਰਾਂ ਬਾਰੇ ਜਾਣਕਾਰੀ ਲਈ ਕੈਨੇਡਾ ਸਰਕਾਰ ਦੀ ਮੁੱਖ ਜਗ੍ਹਾ*
**1.888.576.4444**
**www.canadabusiness.ca**

**ਕਮਿਊਨਟੀ ਫਿਊਚਰਜ਼ ਬ੍ਰਿਟਿਸ਼ ਕੋਲੰਬੀਆ**
*ਬ੍ਰਿਟਿਸ਼ ਕੋਲੰਬੀਆ ਦੇ ਪੇਂਡੂ ਇਲਾਕਿਆਂ ਵਿਚ ਨਵੇਂ ਅਤੇ ਪਹਿਲਾਂ ਹੀ ਮੌਜੂਦ ਕਾਰੋਬਾਰਾਂ ਲਈ ਕਾਰੋਬਾਰੀ ਸਲਾਹ-ਮਸ਼ਵਰਾ ਅਤੇ ਮਦਦ*
**1.604.289.4222**
**www.communityfutures.ca**

**La Société de développement économique**
*ਫਰੈਂਕੋਫੋਨ ਇਕਨੌਮਿਕ ਡਿਵੈਲਪਮੈਂਟ ਆਰਗੇਨਾਈਜੇਸ਼ਨ, ਘੱਟ ਗਿਣਤੀ ਬੋਲੀਆਂ ਵਾਲੀਆਂ ਕਮਿਊਨਟੀਆਂ ਦੀ ਸ਼ਕਤੀ ਵਿਚ ਵਾਧਾ ਕਰਦੀ ਹੈ ਅਤੇ ਆਰਥਿਕ ਵਿਕਾਸ ਵਿਚ ਮਦਦ ਕਰਦੀ ਹੈ*
**1.877.732.3534**
**www.sdecb.com**

**ਵੈੱਸਟਰਨ ਇਕਨੌਮਿਕ**
**ਡਾਇਵਰਸੀਫੀਕੇਸ਼ਨ ਕੈਨੇਡਾ**
*ਪੱਛਮੀ ਨਵੀਨਤਾ, ਕਾਰੋਬਾਰੀ ਵਿਕਾਸ ਅਤੇ ਕਮਿਊਨਟੀ ਦੇ ਆਰਥਿਕ ਵਿਕਾਸ ਨੂੰ ਮਜ਼ਬੂਤ ਕਰਨ ਲਈ ਕੰਮ ਕਰਦੀ ਹੈ*
**1.888.338.9378**
**www.wd.gc.ca**

BRITISH COLUMBIA
Ministry of Jobs, Tourism and Skills Training

CANADA STARTS HERE
BC JOBS PLAN

2014